**B.C.M.SCHOOL, BASANT AVENUE, DUGRI, LUDHIANA**
**CLASS-5. SUBJECT -PUNJABI**

**ਅਣਡਿੱਠਾ ਪੈਰ੍ਹਾ**

**ਕਿਤਾਬਾਂ ਮਨੁੱਖ ਦੀਆਂ ਸਭ ਤੋਂ ਵਧੀਆ ਸਾਥੀਆਂ ਹੁੰਦੀਆਂ ਹਨ। ਜਦੋਂ ਕੋਈ ਸਾਡਾ ਸਾਥ ਨਹੀਂ ਦਿੰਦਾ, ਤਦ ਵੀ ਕਿਤਾਬ ਕਦੇ ਸਾਨੂੰ ਅਕੇਲਾ ਨਹੀਂ ਛੱਡਦੀ। ਕਿਤਾਬ ਪੜ੍ਹਨ ਨਾਲ ਗਿਆਨ ਵਧਦਾ ਹੈ, ਭਾਸ਼ਾ ਸੁਧਰਦੀ ਹੈ ਅਤੇ ਵਿਚਾਰ ਸ਼ਕਤੀ ਮਜ਼ਬੂਤ ਹੁੰਦੀ ਹੈ। ਕਿਤਾਬਾਂ ਸਾਨੂੰ ਸੱਚਾਈ, ਇਨਸਾਫ, ਮਿਹਨਤ, ਦਇਆ, ਸਹਿਯੋਗ ਅਤੇ ਇਮਾਨਦਾਰੀ ਵਰਗੀਆਂ ਨੈਤਿਕ ਕਦਰਾਂ ਸਿੱਖਾਉਂਦੀਆਂ ਹਨ। ਇਹ ਸਾਨੂੰ ਹੋਰਾਂ ਦੀ ਇੱਜ਼ਤ ਕਰਨਾ, ਸਹਾਇਤਾ ਕਰਨਾ ਅਤੇ ਚੰਗਾ ਇਨਸਾਨ ਬਣਨਾ ਸਿਖਾਉਂਦੀਆਂ ਹਨ। ਇਸ ਲਈ ਸਾਨੂੰ ਕਿਤਾਬਾਂ ਨੂੰ ਆਪਣੀ ਦਿਨਚਰਿਆ ਦਾ ਹਿੱਸਾ ਬਣਾਉਣਾ ਚਾਹੀਦਾ ਹੈ, ਤਾਂ ਜੋ ਅਸੀਂ ਗਿਆਨਵਾਨ ਤੇ ਸੁਭਾਵਿਕ ਬਣ ਸਕੀਏ।**

**1. ਕਿਤਾਬਾਂ ਮਨੁੱਖ ਦੀਆਂ ਕਿਹੜੀਆਂ ਸਾਥੀਆਂ ਹੁੰਦੀਆਂ ਹਨ?**

**a) ਖਰਾਬ**

**b) ਵਕਤੀ**

**c) ਸਭ ਤੋਂ ਵਧੀਆ**

**d) ਅਜੀਬ**

**2. ਕਿਤਾਬ ਪੜ੍ਹਨ ਨਾਲ ਕੀ ਸੁਧਰਦਾ ਹੈ?**

**a) ਮਨੋਰੰਜਨ**

**b) ਆਵਾਜ਼**

**c) ਭਾਸ਼ਾ**

**d) ਨੀਂਦ**

**3. ਕਿਤਾਬਾਂ ਸਾਨੂੰ ਕਿਹੜੀਆਂ ਚੰਗੀਆਂ ਗੱਲਾਂ ਸਿੱਖਾਉਂਦੀਆਂ ਹਨ?**

**a) ਝੂਠ ਤੇ ਚਾਲਾਕੀ**

**b) ਸੱਚਾਈ ਤੇ ਦਇਆ**

**c) ਕਾਹਲੀ**

**d) ਲੜਾਈ**

**ਡਿੱਠਾ ਪੈਰਾ**

**ਲਾ ਕੇ ਦਿਲ ਹੁਣ ਕਰੋ ਪੜ੍ਹਾਈ,**

**ਪੜਨ ਵਾਲੇ ਦੀ ਹੋਊ ਚੜ੍ਹਾਈ।**

**ਧਿਆਨ ਖਾਣ ਦਾ ਰੱਖੋ ਖ਼ਾਸ,**

**ਰੋਗ ਨ ਆਵਣ ਦੇਣਾ ਪਾਸ।**

**ਵਰਜਿਸ਼ ਕਰਨਾ ਰੱਖਿਓ ਯਾਦ,**

**ਦੁੱਧ ਪਨੀਰ ਫ਼ਲ ਉਸ ਤੋਂ ਬਾਅਦ।**

ਪ੍ਰ:-ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ?

ਪ੍ਰ:-ਕਿਸ ਦੀ ਚੜ੍ਹਾਈ ਹੁੰਦੀ ਹੈ?

ਪ੍ਰ:- ਪੈਰ੍ਹੇ ਵਿੱਚ ਆਏ ਕੋਈ ਦੋ ਦੁੱਤ ਅੱਖਰ ਲਿਖੋ?

ਵਿਆਕਰਨ:-

ਕਥਨ (A):

ਵਿਸ਼ਰਾਮ ਚਿੰਨਾਂ ਤੋਂ ਬਿਨਾਂ ਵਾਕ ਪੜ੍ਹਨ ਵਾਲੇ ਨੂੰ ਸਮਝ ਨਹੀਂ ਆਉਂਦੀ।

ਕਾਰਨ (R):

ਕਿਉਂਕਿ ਵਿਸ਼ਰਾਮ ਚਿੰਨ ਵਾਕ ਵਿੱਚ ਠਹਿਰਾਅ, ਭਾਵ ਅਤੇ ਢੰਗ ਨੂੰ ਸਪਸ਼ਟ ਕਰਦੇ ਹਨ।

a) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਅਤੇ ਕਾਰਨ, ਕਥਨ ਦੀ ਸਹੀ ਵਿਆਖਿਆ ਕਰਦਾ ਹੈ।

b) ਕਥਨ ਸਹੀ ਹੈ ਪਰ ਕਾਰਨ ਗਲਤ ਹੈ।

c) ਕਥਨ ਗਲਤ ਹੈ ਪਰ ਕਾਰਨ ਸਹੀ ਹੈ।

d) ਕਥਨ ਅਤੇ ਕਾਰਨ ਦੋਵੇਂ ਗਲਤ ਹਨ।

ਮਛੇਰਾ ਸਮੁੰਦਰ ਵਿਚ ਜਾਲ ਵਿਛਾ ਰਿਹਾ ਸੀ। ਲਕੀਰੇ ਸ਼ਬਦ ਦਾ ਸਹੀ ਇਸਤਰੀ ਲਿੰਗ ਲਿਖੋ।

ੳ) ਮਛੀਰਨ ਅ) ਮਛੇਰਨ ੲ) ਮਛੇਰੀ

ਸਾਨੂੰ ਰੱਬ ਦਾ ਹਮੇਸ਼ਾ ਸ਼ੁਕਰਾਨਾ ਕਰਨਾ ਚਾਹੀਦਾ ਹੈ। ਲਕੀਰੇ ਸ਼ਬਦ ਦਾ ਸਹੀ ਸਮਾਨਾਰਥਕ ਸ਼ਬਦ ਲਿਖੋ?

ੳ) ਧੰਨਵਾਦ ਅ) ਅਕਿਰਤਘਣ ੲ) ਨਾਸ਼ੁਕਰਾ

ਸਾਨੂੰ ਪ੍ਰਸ਼ਨ ਪੁੱਛਣ ਲੱਗੇ ਸੰਗਣਾ ਨਹੀਂ ਚਾਹੀਦਾ। ਲਕੀਰੇ ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ?

ੳ) ਉੱਤਰ ਆ) ਜਵਾਬ ੲ) ਗਲਤ

ਝੀਲ ਸੁੱਕ ਗਈ ਹੈ। ਵਾਕ ਦਾ ਸਹੀ ਵਚਨ ਚੁਣੋ:-

ੳ)ਛੀਲਾ ਅ)ਝੀਲਾਂ ੲ)ਝੀਲਾ

ਪੰਜਾਬੀ ਹਮੇਸ਼ਾ ਉਤਸ਼ਾਹ ਵਿੱਚ ਰਹਿੰਦੇ ਹਨ। ਸਹੀ ਮੁਹਾਵਰਾ ਚੁਣੋ?

ੳ)ਚੜ੍ਹਦੀ ਕਲਾ ਵਿੱਚ ਰਹਿਣਾ ਅ) ਉੱਘ ਸੁੱਘ ਨਾ ਮਿਲਣਾ

ੲ)ਆਪਣੇ ਪੈਰੀ ਆਪ ਕੁਹਾੜੀ ਮਾਰਨਾ

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

ਪ੍ਰ:-ਸਵੇਰ ਦੀ ਸੈਰ ਨੂੰ ਸਿਹਤ ਲਈ ਵਰਦਾਨ ਕਿਵੇਂ ਮੰਨਿਆ ਜਾਂਦਾ ਹੈ?

ਪ੍ਰ:-ਇਮਤਿਹਾਨ ਦੇ ਦਿਨਾਂ ਵਿੱਚ ਚੰਗੇ ਵਿਦਿਆਰਥੀ ਕੀ ਕਰਦੇ ਹਨ?

ਪ੍ਰ:-ਬੱਦਲ ਖੇਤਾਂ ਨੂੰ ਹਰਾ-ਭਰਾ ਬਣਾਉਂਦਾ ਹੈ। ਇਸ ਨਾਲ ਪ੍ਰਕਿਰਤੀ ਪ੍ਰਤੀ ਬੱਦਲ ਦਾ ਪਿਆਰ ਦਿਖਾਈ ਦਿੰਦਾ ਹੈ। ਅਸੀਂ ਪ੍ਰਕਿਰਤੀ ਲਈ ਕੀ ਕਰਨਾ ਚਾਹੀਦਾ ਹੈ?